# ਹਿੰਦੁਸਤਾਨ ਦੀ ਊਰਜਾ ਨੀਤੀ ਅਤੇ ਅਮਰੀਕਨ ਸਾਮਰਾਜ

ਮਨਮੋਹਨ ਸਿੰਘ ਦੀ ਸਰਕਾਰ ਨੇ ਪਿਛਲੇ ਸਾਲ ਅਮਰੀਕਾ ਨਾਲ ਪਰਮਾਣੂ ਊਰਜਾ ਬਾਰੇ ਇਕ ਸਮਝੌਤੇ ਉੱਤੇ ਦਸਤਖ਼ਤ ਕੀਤੇ ਸਨ ਜਿਸ ਮੁਤਾਬਿਕ ਅਮਰੀਕਾ ਹਿੰਦੁਸਤਾਨ ਨੂੰ ਪਰਮਾਣੂ ਬਾਲਣ ਦੇਵੇਗਾ ਅਤੇ ਹਿੰਦੁਸਤਾਨ ਦੀ ਸਰਕਾਰ ਸਿਵਲ ਅਤੇ ਫੌਜੀ ਪਰਮਾਣੂ ਅਦਾਰਿਆਂ ਨੂੰ ਵੱਖ ਵੱਖ ਕਰ ਕੇ ਇਨ੍ਹਾਂ ਦੀ ਸੂਚੀ ਅਮਰੀਕਾ ਨੂੰ ਦੇ ਦੇਵੇਗੀ। ਜੇ ਕਰ ਇਹ ਸੂਚੀ ਅਮਰੀਕਨ ਕਾਂਗਰਸ ਨੂੰ ਮਨਜ਼ੂਰ ਹੋਈ ਤਾਂ ਫਿਰ ਅਮਰੀਕਾ ਹਿੰਦੁਸਤਾਨ ਨੂੰ ਪਰਮਾਣੂ ਬਾਲਣ ਦੇਵੇਗਾ। ਹਿੰਦੁਸਤਾਨ ਦੇ ਬਹੁਤ ਸਾਰੇ ਹਲਕਿਆਂ ਵਿਚ ਇਸ ਸਮਝੌਤੇ ਦੀ ਕਾਫ਼ੀ ਮੁਖ਼ਾਲਫ਼ਤ ਹੋ ਰਹੀ ਹੈ। ਇਕ ਖ਼ਬਰ ਅਨੁਸਾਰ ਅਮਰੀਕਾ ਚਾਹੁੰਦਾ ਹੈ ਕਿ ਹਿੰਦੁਸਤਾਨ ਦੇ 22 ਪਰਮਾਣੂ ਰੀਐਕਟਰਾਂ ਚੋਂ 17 ਨੂੰ ਇਸ ਸੂਚੀ ਵਿਚ ਸ਼ਾਮਿਲ ਕੀਤਾ ਜਾਵੇ ਪਰ ਹਿੰਦੁਸਤਾਨ ਦੇ ਸਾਇੰਸਦਾਨ ਇਸ ਗੱਲ ਦਾ ਵਿਰੋਧ ਕਰ ਰਹੇ ਹਨ। ਲੋਕ ਸਭਾ ਦੇ ਕਈ ਮੈਂਬਰਾਂ ਨੇ ਇਹ ਮੰਗ ਵੀ ਕੀਤੀ ਹੈ ਕਿ ਇਸ ਸਮਝੌਤੇ ਦਾ ਖੁਲਾਸਾ ਲੋਕ ਸਭਾ ਵਿਚ ਕੀਤੀ ਜਾਵੇ ਪਰ ਸਰਕਾਰ ਨੇ ਇਹ ਗੱਲ ਅਜੇ ਮੰਨੀ ਨਹੀਂ ਹੈ।

ਅਮਰੀਕਾ ਦੇ ਰਾਜਦੂਤ ਮੁਲਫੋਰਡ ਨੇ ਕੁਝ ਦਿਨਾਂ ਪਹਿਲਾਂ ਹੀ ਦਿੱਲੀ ਵਿਚ ਇਕ ਬਿਆਨ ਵਿਚ ਇਰਾਨ ਦੇ ਸੰਦਰਭ ਵਿਚ ਕਿਹਾ ਸੀ ਕਿ ਜੇ ਹਿੰਦੁਸਤਾਨ ਨੇ ਇਰਾਨ ਬਾਰੇ ਅਮਰੀਕਾ ਦੀ ਗੱਲ ਨਹੀਂ ਮੰਨੀ ਤਾਂ ਹੋ ਸਕਦਾ ਹੈ ਕਿ ਅਮਰੀਕਨ ਕਾਂਗਰਸ ਪਰਮਾਣੂ ਸਮਝੌਤੇ ਬਾਰੇ ਆਪਣੀ ਮਨਜ਼ੂਰੀ ਨਾ ਦੇਵੇ। ਇਸ ਦੌਰਾਨ ਹੀ ਪ੍ਰਧਾਨ ਮੰਤ੍ਰੀ ਨੇ ਆਪਣੀ ਵਜ਼ਾਰਤ ਵਿਚ ਤਬਦੀਲੀਆਂ ਕੀਤੀਆਂ ਹਨ ਜਿਨ੍ਹਾਂ ਅਨੁਸਾਰ ਮਨੀ ਸ਼ੰਕਰ ਅਈਅਰ ਕੋਲੋਂ ਊਰਜਾ ਦਾ ਮਹਿਕਮਾ ਲੈ ਕੇ ਮੁਰਲੀ ਦਿਉਰਿਆ ਨੂੰ ਦੇ ਦਿਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਮੁਰਲੀ ਦਿਉਰਿਆ ਕਾਫ਼ੀ ਅਮਰੀਕਾ ਪੱਖੀ ਹੈ ਅਤੇ ਮਨੀ ਸ਼ੰਕਰ ਤੋਂ ਇਹ ਮਹਿਕਮਾ ਲੈਣ ਦਾ ਇਕ ਵੱਡਾ ਕਾਰਨ ਉਸ ਦੇ ਮੰਤਰਾਲੇ ਦੀ ਆਜ਼ਾਦ ਊਰਜਾ ਨੀਤੀ ਸੀ। ਪ੍ਰਧਾਨ ਮੰਤ੍ਰੀ ਦੇ ਦਫ਼ਤਰ ਦੇ ਇਕ ਅਫ਼ਸਰ ਨੇ ਦਸਿਆ ਕਿ ਊਰਜਾ ਮਹਿਕਮਾ ਕੁਝ ਇਹੋ ਜਿਹੇ ਫੈਸਲੇ ਕਰ ਰਿਹਾ ਸੀ ਜਿਸ ਦਾ ਅਸਰ ਵਿਦੇਸ਼ ਨੀਤੀ ਤੇ ਪੈ ਰਿਹਾ ਸੀ।

ਇਹ ਵੀ ਕਿਆਸ ਹਨ ਕਿ ਮਨੀ ਸ਼ੰਕਰ ਹੇਠ ਊਰਜਾ ਦਾ ਮਹਿਕਮਾ ਚੀਨ ਨਾਲ ਰਲ ਕੇ ਦੂਸਰੇ ਮੁਲਕਾਂ ਵਿਚ ਤੇਲ ਅਤੇ ਗੈਸ ਦੇ ਸਾਧਨਾਂ ਵਿਚ ਪੂੰਜੀ ਲਾ ਰਿਹਾ ਸੀ। ਇਸ ਦੇ ਨਾਲ ਹੀ ਉਹ ਚੀਨ ਨਾਲ ਮਿਲ ਕੇ ਏਸ਼ੀਆ ਵਿਚ ਤੇਲ ਦੀਆਂ ਪਾਈਪ ਲਾਈਨਾਂ ਦਾ ਇਕ ਜਾਲ ਵਿਛਾਉਣ ਦੀ ਯੋਜਨਾ ਬਣਾ ਰਿਹਾ ਸੀ। ਇਨ੍ਹਾਂ ਫੈਸਲਿਆਂ ਨਾਲ ਹਿੰਦੁਸਤਾਨ ਅਤੇ ਚੀਨ ਦੋਹਾਂ ਨੂੰ ਫਾਇਦਾ ਸੀ ਪਰ ਅਮਰੀਕਨ ਕੰਪਨੀਆਂ ਨੂੰ ਇਹ ਗੱਲ ਪਸੰਦ ਨਹੀਂ ਸੀ। ਅਮਰੀਕਾ ਨੂੰ ਇਰਾਨ ਤੋਂ ਹਿੰਦੁਸਤਾਨ ਤੱਕ ਪਾਈਪ-ਲਾਈਨ ਵਿਛਾਉਣ ਤੇ ਵੀ ਇਤਰਾਜ਼ ਸੀ। ਮਨੀ ਸ਼ੰਕਰ ਹੇਠ ਊਰਜਾ ਦੇ ਮਹਿਕਮੇ ਨੇ ਇਹ ਫੈਸਲੇ ਕੀਤੇ ਜੋ ਅਮਰੀਕਾ ਦੇ ਸੰਘੋਂ ਨਹੀਂ ਸੀ ਉੱਤਰਦੇ।

ਇਹ ਗੱਲ ਅਮਰੀਕਾ ਅਤੇ ਹੋਰ ਸਾਮਰਾਜੀਆਂ ਦੇ ਹਿਤ ਵਿਚ ਹੈ ਕਿ ਹਿੰਦੁਸਤਾਨ ਅਤੇ ਹੋਰ ਵਿਕਾਸਸ਼ੀਲ ਮੁਲਕਾਂ ਨੂੰ ਊਰਜਾ ਲਈ ਆਪਣੇ ਉੱਤੇ ਨਿਰਭਰ ਰਖਿਆ ਜਾਵੇ ਤਾਂ ਕਿ ਇਹ ਮੁਲਕ ਆਪਣੇ ਪੈਰਾਂ ਤੇ ਖੜੇ ਨਾ ਹੋ ਸਕਣ। ਪਰਮਾਣੂ ਬਾਲਣ ਦੇ ਸਮਝੌਤੇ ਰਾਹੀਂ ਵੀ ਅਮਰੀਕਾ ਹਿੰਦੁਸਤਾਨ ਨੂੰ ਆਪਣੀ ਅੱਡੀ ਹੇਠਾਂ ਹੀ ਰੱਖਣਾ ਚਾਹੁੰਦਾ ਹੈ। ਅਮਰੀਕਾ ਵਿਚ ਬਿਜਲੀ ਲਈ ਪਰਮਾਣੂ ਸ਼ਕਤੀ ਬਹੁਤ ਵੱਡੀ ਮਾਤਰਾ ਵਿਚ ਵਰਤੀ ਜਾਂਦੀ ਹੈ ਅਤੇ ਅਮਰੀਕਾ ਕੋਲ ਪਰਮਾਣੂ ਬਾਲਣ ਦਾ ਬਹੁਤ ਵੱਡਾ ਭੰਡਾਰ ਵਾਧੂ ਹੈ ਜਿਹਨੂੰ ਹਿਫ਼ਾਜ਼ਤ ਨਾਲ ਰਖਣ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ। ਪਰਮਾਣੂ ਬਾਲਣ ਦੇਣ ਦੇ ਜਾਲ ਵਿਚ ਹਿੰਦੁਸਤਾਨ ਨੂੰ ਫਸਾ ਕੇ ਇਹ ਹਿੰਦੁਸਤਾਨ ਨੂੰ ਆਉਣ ਵਾਲੇ ਸਾਲਾਂ ਵਿਚ ਆਪਣੇ ਮੁਨਾਫ਼ੇ ਵਧਾਉਣ ਲਈ ਵਰਤਣਾ ਅਤੇ ਆਪਣੇ ਉਪਰ ਨਿਰਭਰ ਰਖਣਾ ਚਾਹੁੰਦਾ ਹੈ ਅਤੇ ਨਹੀਂ ਚਾਹੁੰਦਾ ਕਿ ਹਿੰਦੁਸਤਾਨ ਆਪਣੇ ਪੈਰਾਂ ਤੇ ਆਪ ਖੜਾ ਹੋ ਸਕੇ।

ਹਿੰਦੁਸਤਾਨ ਵਿਚ ਸਾਇੰਸਦਾਨ ਅਤੇ ਹੋਰ ਲੋਕ ਜ਼ੋਰ ਪਾ ਰਹੇ ਹਨ ਕਿ ਪਰਮਾਣੂ ਸ਼ਕਤੀ ਦੀ ਬਜਾਏ ਊਰਜਾ ਲਈ ਹੋਰ ਵਸੀਲੇ, ਜਿਵੇਂ ਕਿ ਸਾਫ਼ ਕੋਇਲਾ ਅਤੇ ਸੂਰਜ ਤੋਂ ਊਰਜਾ ਪ੍ਰਾਪਤ ਕਰਨ, ਦੇ ਤਰੀਕੇ ਤੇ ਤਕਨਾਲੋਜੀ ਵਿਕਸਤ ਕਰਨ ਲਈ ਉਦਮ ਕਰਨੇ ਚਾਹੀਦੇ ਹਨ। ਹਿੰਦੁਸਤਾਨ ਵਿਚ ਕੋਇਲੇ ਦੇ ਬਹੁਤ ਹੀ ਭੰਡਾਰ ਹਨ ਅਤੇ ਸੂਰਜ ਵੀ ਹਮੇਸ਼ਾ ਹੀ ਉਪਲਬਧ ਹੈ। ਪਰਮਾਣੂ ਸ਼ਕਤੀ ਲਈ ਵੀ ਇਹ ਕਹਿੰਦੇ ਹਨ ਕਿ ਹਿੰਦੁਸਤਾਨ ਨੂੰ ਅਮਰੀਕਾ ਨਾਲ ਕੋਈ ਸਮਝੌਤਾ ਕਰਨ ਦੀ ਲੋੜ ਨਹੀਂ ਕਿਉਂਕਿ ਜੇ ਯੂਰੇਨੀਅਮ ਦੀ ਥਾਂ ਤੇ ਥੋਰੀਅਮ ਵਰਤਿਆ ਜਾਵੇ ਤਾਂ ਕੰਮ ਚੱਲ ਸਕਦਾ ਹੈ ਅਤੇ ਹਿੰਦੁਸਤਾਨ ਵਿਚ ਥੋਰੀਅਮ ਬਹੁਤ ਪਾਇਆ ਜਾਂਦਾ ਹੈ, ਇਸ ਲਈ ਇਸ ਪਾਸੇ ਖੋਜ ਕਰਨੀ ਚਾਹੀਦੀ ਹੈ। ਹੁਣੇ ਜਿਹੇ ਹੀ ਸਦਰ ਕਲਾਮ ਨੇ ਵੀ ਇਹ ਬਿਆਨ ਦਿਤਾ ਹੈ ਕਿ ਹਿੰਦੁਸਤਾਨ ਦੇ ਸਾਇੰਸਦਾਨਾਂ ਨੂੰ ਥੋਰੀਅਮ ਤੋਂ ਪਰਮਾਣੂ ਸ਼ਕਤੀ ਪੈਦਾ ਕਰਨ ਵੱਲ ਵੱਧ ਧਿਆਨ ਦੇਣਾ ਚਾਹੀਦਾ ਹੈ। ਥੋਰੀਅਮ ਬਹੁਤ ਸਸਤਾ ਵੀ ਪਵੇਗਾ ਅਤੇ ਇਸ ਨਾਲ ਅਸੀਂ ਸਵੈ ਨਿਰਭਰ ਵੀ ਰਹਾਂਗੇ।

ਮਾਹਿਰਾਂ ਦੇ ਮੁਤਾਬਿਕ ਇਸ ਸਮਝੌਤੇ ਦੀ ਹਿੰਦੁਸਤਾਨ ਨੂੰ ਕੋਈ ਲੋੜ ਨਹੀਂ ਹੈ ਅਤੇ ਪਰਮਾਣੂ ਸ਼ਕਤੀ ਲਈ ਅਮਰੀਕਨ ਬਾਲਣ ਮਹਿੰਗਾ ਵੀ ਬਹੁਤ ਪਵੇਗਾ। ਇਸ ਵੇਲੇ ਪਰਮਾਣੂ ਸ਼ਕਤੀ ਨਾਲ ਹਿੰਦੁਸਤਾਨ ਦੀ ਊਰਜਾ ਦੀ ਲੋੜ ਦਾ ਸਿਰਫ਼ ਪੰਜ ਫ਼ੀ ਸਦੀ ਹਿੱਸਾ ਹੀ ਪਰਮਾਣੂ ਸਕਤੀ ਨਾਲ ਪੂਰਾ ਹੁੰਦਾ ਹੈ ਆਉਣ ਵਾਲੇ ਦਸ ਸਾਲਾਂ ਵਿਚ ਵੱਧ ਤੋਂ ਵੱਧ ਦੁਗਣਾ ਹੋ

ਜਾਵੇਗਾ। ਪਰ ਪਰਮਾਣੂ ਸ਼ਕਤੀ ਬਹੁਤ ਮਹਿੰਗੀ ਅਤੇ ਖ਼ਤਰਨਾਕ ਹੈ। ਇਸ ਦੀ ਬਜਾਏ ਊਰਜਾ ਦੇ ਕਈ ਹੋਰ ਸਾਧਨ ਹਨ ਜਿਨ੍ਹਾਂ ਤੋਂ ਊਰਜਾ ਲੈ ਕੇ ਹਿੰਦੁਸਤਾਨ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਪਰ ਮਨਮੋਹਨ ਸਿੰਘ ਦੀ ਸਰਕਾਰ ਇਸ ਦਲੀਲ ਤੇ ਧਿਆਨ ਦੇਣ ਲਈ ਤਿਆਰ ਨਹੀਂ ਹੈ ਅਤੇ ਸੁਆਲ ਉੱਠਦਾ ਹੈ ਕਿ ਮਨਮੋਹਨ ਸਿੰਘ ਦੀ ਸਰਕਾਰ ਨੇ ਅਮਰੀਕਾ ਨਾਲ ਇਹ ਸਮਝੌਤਾ ਕਿਉਂ ਕੀਤਾ? ਇਸ ਦੀ ਇਕ ਵਜ੍ਹਾ ਇਹ ਹੈ ਕਿ ਵੱਡੇ ਸਰਮਾਏਦਾਰਾਂ ਦੀ ਇਕ ਜੁੰਡਲੀ ਪਰਮਾਣੂ ਸ਼ਕਤੀ ਦੇ ਕਾਰਖ਼ਾਨੇ ਲਾ ਕੇ ਬੜੇ ਮੁਨਾਫ਼ੇ ਲੁੱਟੇਗੀ। ਅਮਰੀਕਾ ਦੇ ਪਰਮਾਣੂ ਸ਼ਕਤੀ ਦੇ ਵਪਾਰੀ ਵੀ ਹਿੰਦੁਸਤਾਨ ਵਿਚ ਆਪਣੇ ਪੈਰ ਜਮਾਉਣ ਲਈ ਲਾਰਾਂ ਸੁੱਟ ਰਹੇ ਹਨ। ਉਹ ਹਿੰਦੁਸਤਾਨ ਵਿਚ ਇਕ ਬਹੁਤ ਵੱਡੀ ਮੰਡੀ ਦੇਖ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਕੀ ਵਾਕਿਆ ਹੀ ਹਿੰਦੁਸਤਾਨ ਨੂੰ ਪਰਮਾਣੂ ਸ਼ਕਤੀ ਦੀ ਲੋੜ ਹੈ ਜਾਂ ਨਹੀਂ? ਉਹ ਕਹਿੰਦੇ ਹਨ ਕਿ ਜੇ ਹਿੰਦੁਸਤਾਨ ਦੀ ਸਰਕਾਰ ਨੂੰ ਇਸ ਗੱਲ ਦਾ ਫ਼ਿਕਰ ਨਹੀਂ ਤਾਂ ਸਾਨੂੰ ਇਹਦਾ ਫ਼ਿਕਰ ਕਰਨ ਦੀ ਕੀ ਲੋੜ ਹੈ? ਅਸੀਂ ਤਾਂ ਆਪਣਾ ਮਾਲ ਵੱਧ ਤੋਂ ਵੱਧ ਮੁਨਾਫ਼ੇ ਤੇ ਵੇਚਣਾ ਹੈ।

ਊਰਜਾ ਲਈ ਆਪਣੇ ਤੇ ਨਿਰਭਰ ਰੱਖ ਕੇ ਅਮਰੀਕਾ ਹਿੰਦੁਸਤਾਨ ਨੂੰ ਏਸ਼ੀਆ ਵਿਚ ਆਪਣੇ ਸਾਮਰਾਜੀ ਮੰਤਵਾਂ ਲਈ ਇਕ ਮੋਹਰੇ ਦੇ ਤੌਰ ਤੇ ਵੀ ਵਰਤਣਾ ਚਾਹੁੰਦਾ ਹੈ। ਅਮਰੀਕਾ ਦਾ ਖ਼ਿਆਲ ਹੈ ਕਿ ਅਗਲੇ ਕੁਝ ਸਾਲਾਂ ਵਿਚ ਚੀਨ ਦੁਨੀਆ ਵਿਚ ਇਕ ਵੱਡੀ ਆਰਥਕ ਤਾਕਤ ਦੇ ਤੌਰ ਤੇ ਉਭਰੇਗਾ ਜਿਸ ਨਾਲ ਅਮਰੀਕਨ ਸਾਮਰਾਜ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਅਮਰੀਕਨ ਕੰਪਨੀਆਂ ਨੂੰ ਏਸ਼ੀਆ ਦੇ ਕੁਦਰਤੀ ਸਾਧਨਾਂ, ਮੰਡੀਆਂ ਅਤੇ ਲੋਕਾਂ ਦੀ ਮਿਹਨਤ ਦੀ ਲੁੱਟ ਕਰਨ ਲਈ ਚੀਨੀ ਕੰਪਨੀਆਂ ਦਾ ਮੁਕਾਬਲਾ ਕਰਨਾ ਪਵੇਗਾ। ਇਸ ਲਈ ਉਹ ਹਿੰਦੁਸਤਾਨ ਨੂੰ ਚੀਨ ਦੇ ਖ਼ਿਲਾਫ਼ ਇਕ ਹਥਿਆਰ ਤੇ ਤੌਰ ਤੇ ਵਰਤਣਾ ਚਾਹੁੰਦਾ ਹੈ। ਮਨਮੋਹਨ ਸਿੰਘ ਦੀ ਸਰਕਾਰ ਅਮਰੀਕਾ ਦੇ ਹੱਥ ਵਿਚ ਇਹ ਖ਼ਤਰਨਾਕ ਖੇਡ ਖੇਲਣ ਲਈ ਤਿਆਰ ਲੱਗ ਰਹੀ ਹੈ। ਪਰ ਹਿੰਦੁਸਤਾਨ ਵਿਚ ਹੀ ਹਾਕਮ ਜਮਾਤਾਂ ਦਾ ਇਕ ਹਿੱਸਾ ਇਸ ਖੇਡ ਦੇ ਖ਼ਿਲਾਫ਼ ਵੀ ਹੈ ਅਤੇ ਚਾਹੁੰਦਾ ਹੈ ਕਿ ਏਸ਼ੀਆ ਵਿਚੋਂ ਅਮਰੀਕਾ ਦਾ ਹੂੰਝਾ ਫੇਰ ਦਿਤਾ ਜਾਵੇ ਅਤੇ ਹਿੰਦੁਸਤਾਨ ਊਰਜਾ ਲਈ ਆਪਣੇ ਪੈਰਾਂ ਤੇ ਖੜਾ ਹੋ ਜਾਵੇ ਤੇ ਏਸ਼ੀਆ ਵਿਚ ਇਕ ਵੱਡੀ ਤਾਕਤ ਦੇ ਤੌਰ ਤੇ ਉਭਰੇ। ਹਾਕਮ ਜਮਾਤਾਂ ਦਾ ਇਕ ਹੋਰ ਹਿੱਸਾ ਇਹ ਸੋਚਦਾ ਹੈ ਕਿ ਉਹ ਅਮਰੀਕਾ ਦੀ ਛਤਰ-ਛਾਇਆ ਹੇਠ ਹੀ ਏਸ਼ੀਆ ਵਿਚ ਆਪਣਾ ਝੰਡਾ ਲਹਿਰਾ ਸਕਦੇ ਹਨ। ਹਾਕਮ ਜਮਾਤਾਂ ਆਪਣੇ ਮੁਨਾਫ਼ਿਆਂ ਅਤੇ ਸਾਮਰਾਜੀ ਖ਼ਾਹਸ਼ਾਂ ਲਈ ਵੱਖੋ ਵੱਖਰੇ ਕਿਆਫ਼ੇ ਲਾ ਰਹੀਆਂ ਹਨ।

ਦੂਸਰੇ ਪਾਸੇ ਆਮ ਲੋਕ ਏਸ਼ੀਆ ਵਿਚ ਇਕ ਦੂਜੇ ਨਾਲ ਅਮਨ, ਦੋਸਤੀ ਅਤੇ ਪਿਆਰ ਦੇ ਰਿਸ਼ਤੇ ਚਾਹੁੰਦੇ ਹਨ। ਉਹ ਅਮਰੀਕਾ ਦੀ ਗੁੰਡਾਗਰਦੀ ਅਤੇ ਧੌਂਸ ਦੇ ਖ਼ਿਲਾਫ਼ ਹਨ ਅਤੇ ਇਸ ਲਈ ਚਾਹੁੰਦੇ ਹਨ ਕਿ ਹਿੰਦੁਸਤਾਨ ਊਰਜਾ ਦੇ ਖੇਤਰ ਵਿਚ ਆਜ਼ਾਦ ਹੋਵੇ ਅਤੇ ਆਪਣੇ ਪੈਰਾਂ ਤੇ ਖੜ੍ਹਾ ਹੋਵੇ। ਹਿੰਦੁਸਤਾਨ ਆਪਣੇ ਪੈਰਾਂ ਤੇ ਖੜ੍ਹਾ ਹੋ ਸਕਦਾ ਹੈ। ਲੋਕਾਂ ਦੀ ਮਿਹਨਤ ਅਤੇ ਕੁਦਰਤੀ ਸਾਧਨ ਹਿੰਦੁਸਤਾਨ ਨੂੰ ਆਪਣੇ ਪੈਰਾਂ ਤੇ ਖੜਾ ਹੋ ਕੇ ਖ਼ੁਸ਼ਹਾਲ ਦੇਸ਼ ਬਣਾ ਸਕਦੇ ਹਨ। ਪਰ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਉਨ੍ਹਾਂ ਦੇ ਨੁਮਾਇੰਦੇ ਅਤੇ ਸਰਕਾਰ ਆਪਣੇ ਮੁਨਾਫ਼ਿਆਂ ਲਈ ਸਾਮਰਾਜੀਆਂ ਨਾਲ ਘਿਉ ਖਿਚੜੀ ਹਨ ਅਤੇ ਸਾਮਰਾਜੀਆਂ ਨਾਲ ਮਿਲ ਕੇ ਹਿੰਦੁਸਤਾਨ ਦੇ ਲੋਕਾਂ ਦੇ ਹਿਤਾਂ ਤੇ ਸੱਟ ਮਾਰ ਰਹੇ ਹਨ।

ਲੋਕਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਅਤੇ ਇਕ ਆਜ਼ਾਦ ਊਰਜਾ ਨੀਤੀ ਦੀ ਮੰਗ ਕਰਨੀ ਚਾਹੀਦੀ ਹੈ ਜਿਸ ਨਾਲ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ ਨਾ ਕਿ ਸਾਮਰਾਜੀਆਂ ਦੇ ਮੁਨਾਫ਼ੇ ਵੱਧ ਤੋਂ ਵੱਧ ਹੋਣ। ਅਮਰੀਕਾ ਨਾਲ ਪਰਮਾਣੂ ਸਮਝੌਤਾ ਹਿੰਦੁਸਤਾਨ ਨੂੰ ਅਮਰੀਕਾ ਦੇ ਜਾਲ ਵਿਚ ਫਸਾਉਣ ਦਾ ਇਕ ਹੋਰ ਕਦਮ ਹੈ। ਇਸ ਨਾਲ ਹਿੰਦੁਸਤਾਨ ਅਤੇ ਏਸ਼ੀਆ ਦੇ ਲੋਕਾਂ ਦੇ ਹਿਤਾਂ ਨੂੰ ਨੁਕਸਾਨ ਹੀ ਹੋ ਸਕਦਾ ਹੈ ਫਾਇਦਾ ਨਹੀਂ।